## <u>ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ।</u>

(ਪੰਜਾਬ ਸਕੂਲ ਸਿੱਖਿਆ ਬੋਰਡ ਕੰਮਪਲੈਕਸ,ਫੇਜ-8, ਐਸ.ਏ.ਐਸ. ਨਗਰ)

### ਸਕੂਲ ਅਧਿਆਪਕਾਂ ਦੀ ਠੇਕੇ ਤੇ ਨਿਯੁੱਕਤੀ ਲਈ ਭਰਤੀ

(ਨਿਯੁੱਕਤੀ ਪੱਤਰ ਜਾਰੀ ਕਰਨ ਸਬੰਧੀ)

=============

ਸਿੱਖਿਆ ਵਿਭਾਗ, ਪੰਜਾਬ ਵਿੱਚ ਮਾਸਟਰ ਕਾਡਰ ਦੀਆਂ ਵੱਖ-ਵੱਖ ਵਿਸ਼ਿਆਂ ਦੀਆਂ ਅਸਾਮੀਆਂ ਠੇਕੇ ਦੇ ਅਧਾਰ ਤੇ ਭਰਤੀ ਲਈ ਮਿਤੀ 09-09-2012 ਨੂੰ ਇਸ਼ਤਿਹਾਰ ਦਿੱਤਾ ਗਿਆ ਸੀ। ਇਨ੍ਹਾਂ ਅਸਾਮੀਆਂ ਲਈ ਜਿਨ੍ਹਾਂ ਉਮੀਦਵਾਰਾਂ ਨੇ ਆਨਲਾਈਨ ਅਪਲਾਈ ਕੀਤਾ ਸੀ, ਉਨ੍ਹਾਂ ਵਿਚੋਂ ਚੁਣੇ ਹੋਏ ਉਮੀਦਵਾਰਾਂ ਨੂੰ ਨਵੰਬਰ ਅਤੇ ਦਸੰਬਰ 2014 ਵਿੱਚ ਨਿਯੁੱਕਤੀ ਪੱਤਰ ਜਾਰੀ ਕੀਤੇ ਗਏ ਸਨ। ਕਈ ਉਮੀਦਵਾਰਾਂ ਦੀ ਦੋ ਵਿਸ਼ਿਆਂ ਵਿੱਚ ਚੋਂਣ ਹੋਣ ਕਾਰਨ ਉਨ੍ਹਾਂ ਵੱਲੋਂ ਕਿਸੇ ਇੱਕ ਵਿਸ਼ੇ ਵਿੱਚ ਨਿਯੁੱਕਤੀ ਨਾ ਲੈਣ ਲਈ ਹਲਫੀਆ ਬਿਆਨ ਦਿੱਤਾ ਗਿਆ ਸੀ। ਜਿਸ ਕਾਰਨ ਖਾਲੀ ਰਹਿ ਗਈਆਂ ਅਸਾਮੀਆਂ ਵਿਰੁੱਧ ਹੇਠਲੀ ਮੈਰਿਟ ਵਾਲੇ ਉਮੀਦਵਾਰਾਂ ਨੂੰ ਨਿਯੁੱਕਤੀ ਦੀ ਪੇਸ਼ਕਸ਼ ਕੀਤੀ ਗਈ ਸੀ। ਜਿਸ ਅਨੁਸਾਰ ਉਮੀਦਵਾਰਾਂ ਨੂੰ ਨਿਯੁੱਕਤੀ ਪੱਤਰ ਜਾਰੀ ਕਰਨ ਤੋਂ ਪਹਿਲਾਂ ਆਪਣੀ ਪਸੰਦ ਦੇ ਸਟੇਸ਼ਨ ਚੁਨਣ ਦਾ ਇੱਕ ਹੋਰ ਮੌਕਾ ਮਿਤੀ 20-11-2015, 21-11-2015 ਅਤੇ ਮਿਤੀ 30-11-2015 ਨੂੰ ਦਿੱਤਾ ਗਿਆ ਸੀ, ਪਰੰਤੂ ਇਸ ਕਾਉਂਸਲਿੰਗ ਵਿੱਚ ਬਹੁਤ ਸਾਰੇ ਉਮੀਦਵਾਰ ਹਾਜਰ ਨਹੀਂ ਹੋਏ। <u>ਜੋ ਉਮੀਦਵਾਰ ਵਿਭਾਗ ਦੀ ਵੈਬਸਾਈਟ **http://educationrecruitmentboard.com** ਤੇ ਮਿਤੀ 17-11-2015 ਨੂੰ ਪਾਈ ਗਈ ਚੋਣ ਸੂਚੀ/ਮੈਰਿਟ ਲਿਸਟ ਅਨੁਸਾਰ ਨਿਸ਼ਚਿਤ ਮਿਤੀ ਤੇ ਕਾਉਂਸਲਿੰਗ ਲਈ ਹਾਜਰ ਨਹੀਂ ਹੋਏ, ਉਨ੍ਹਾਂ ਨੂੰ ਇੱਕ ਆਖਰੀ ਮੌਕਾ ਦਿੱਤਾ ਜਾਂਦਾ ਹੈ ਕਿ</u> ਉਹ ਆਪਣਾ ਸਵੀਕਾਰਤਾ ਪੱਤਰ ਭਰਕੇ ਮਿਤੀ 16/5/16--- ਤੱਕ ਡਾਇਰੈਕਟੋਰੇਟ ਵਿਖੇ ਨਿੱਜੀ ਤੌਰ ਤੇ ਜਮ੍ਹਾਂ ਕਰਵਾਉਣਗੇ। ਇਸ ਉਪਰੰਤ ਉਨ੍ਹਾਂ ਨੂੰ ਹੋਰ ਕੋਈ ਮੌਕਾ ਨਹੀਂ ਦਿੱਤਾ ਜਾਵੇਗਾ ਅਤੇ ਮਿਤੀ 09-09-2012 ਨੂੰ ਦਿੱਤੇ ਇਸ਼ਤਿਹਾਰ ਦੀ ਇਹ ਭਰਤੀ ਪ੍ਰਕ੍ਰਿਆ ਬੰਦ ਕਰ ਦਿੱਤੀ ਜਾਵੇਗੀ।

2/5

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ